Punjabi | ਪੰਜਾਬੀ

Australian Government
Aged Care Quality and Safety Commission

Engage
Empower
Safeguard

12 ਫ਼ਰਵਰੀ 2024

ਸਤਿਕਾਰਯੋਗ ਬਜ਼ੁਰਗ ਦੇਖਭਾਲ ਦੇ ਨਿਵਾਸੀ ਜੀਓ,

ਮੈਂ ਤੁਹਾਨੂੰ ਏਜਡ ਕੇਅਰ ਕੁਆਲਿਟੀ ਐਂਡ ਸੇਫਟੀ ਕਮਿਸ਼ਨ ਤੋਂ ਲਿਖ ਰਿਹਾ ਹਾਂ। ਅਸੀਂ ਚਿੰਤਤ ਹਾਂ ਕਿ **ਬਜ਼ੁਰਗ ਦੇਖਭਾਲ ਸਹੂਲਤ ਵਿੱਚ ਰਹਿੰਦੇ ਵਸਨੀਕਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ ਜਿਨ੍ਹਾਂ ਨੂੰ ਕੋਵਿਡ-19 ਟੀਕੇ ਦੀ ਬੂਸਟਰ ਖੁਰਾਕ ਸਮੇਂ ਸਿਰ ਨਹੀਂ ਮਿਲ ਰਹੀ ਹੈ।**

**ਭਾਈਚਾਰੇ ਵਿੱਚ ਅਜੇ ਵੀ ਬਹੁਤ ਸਾਰਾ ਕੋਵਿਡ-19 ਫੈਲਿਆ ਹੋਇਆ ਹੈ।** ਆਸਟ੍ਰੇਲੀਆ 'ਚ ਬਜ਼ੁਰਗਾਂ ਦੀ ਦੇਖਭਾਲ ਕਰਨ ਵਾਲੇ ਘਰਾਂ ਵਿੱਚ ਇਸ ਵਾਇਰਸ ਦਾ ਪ੍ਰਕੋਪ ਵੱਧ ਰਿਹਾ ਹੈ।

**ਬੁਢਾਪਾ ਕੋਵਿਡ-19 ਨਾਲ ਗੰਭੀਰ ਰੂਪ ਨਾਲ ਬਿਮਾਰ ਹੋਣ ਦਾ ਸਭ ਤੋਂ ਵੱਡਾ ਖ਼ਤਰਾ ਹੈ।** ਬਜ਼ੁਰਗਾਂ ਦੀ ਰਿਹਾਇਸ਼ੀ ਦੇਖਭਾਲ ਵਿਚ ਰਹਿਣ ਵਾਲੇ ਲੋਕ ਵਿਸ਼ੇਸ਼ ਤੌਰ 'ਤੇ ਕੋਵਿਡ-19 ਦੀ ਲਾਗ ਦੇ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ। ਤੁਹਾਡੇ ਕੋਵਿਡ-19 ਟੀਕਿਆਂ ਨਾਲ ਪੂਰੇ ਬਣੇ ਰਹਿਣਾ ਤੁਹਾਨੂੰ ਮਹੱਤਵਪੂਰਣ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਤੁਹਾਨੂੰ ਗੰਭੀਰ ਕੋਵਿਡ-19 ਲਾਗ ਲੱਗਣ ਦੇ ਖ਼ਤਰੇ ਨੂੰ ਘਟਾਉਂਦਾ ਹੈ। ਟੀਕਾਕਰਨ ਨੂੰ ਪੂਰਾ ਕਰਨ ਲਈ **ਪਿਛਲੇ 6 ਮਹੀਨਿਆਂ ਵਿੱਚ ਬੂਸਟਰ ਸ਼ੌਟ ਲਗਵਾਉਣਾ ਸ਼ਾਮਲ ਹੈ।**

ਟੀਕਾਕਰਨ ਬਾਰੇ ਆਸਟ੍ਰੇਲੀਆ ਦਾ ਤਕਨੀਕੀ ਸਲਾਹਕਾਰ ਸਮੂਹ (ATAGI) ਆਸਟ੍ਰੇਲੀਆ ਵਿੱਚ ਕੋਵਿਡ-19 ਟੀਕਾਕਰਨ ਦਾ ਪ੍ਰਮੁੱਖ ਮਾਹਰ ਹੈ। ਉਹ ਸਲਾਹ ਦਿੰਦੇ ਹਨ ਕਿ ਕੋਵਿਡ-19 ਟੀਕਾਕਰਨ ਦਾ ਮੁੱਖ ਉਦੇਸ਼ ਗੰਭੀਰ ਬਿਮਾਰੀ ਅਤੇ ਮੌਤ ਦੇ ਖ਼ਤਰੇ ਨੂੰ ਘਟਾਉਣਾ ਹੈ।

ਫ਼ਰਵਰੀ 2023 ਵਿੱਚ, **ATAGI ਨੇ ਆਪਣੀਆਂ ਸਿਫਾਰਸ਼ਾਂ ਨੂੰ ਨਵਿਆਇਆ ਸੀ। ਉਹ ਸਿਫਾਰਸ਼ ਕਰਦੇ ਹਨ ਕਿ 75 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਬਜ਼ੁਰਗਾਂ ਨੂੰ 2023 ਦੀ ਕੋਵਿਡ-19 ਟੀਕੇ ਦੀ ਵਾਧੂ ਖੁਰਾਕ ਲਗਵਾਉਣੀ ਚਾਹੀਦੀ ਹੈ ਜੇ ਉਨ੍ਹਾਂ ਦੀ ਆਖਰੀ ਖੁਰਾਕ ਲੱਗੇ ਨੂੰ 6 ਮਹੀਨੇ ਹੋ ਗਏ ਹਨ।** ਇਹ ਸਲਾਹ ਅਜੇ ਵੀ ਫ਼ਰਵਰੀ 2024 ਲਈ ਸਹੀ ਹੈ। ਟੀਕਾਕਰਨ ਤੋਂ ਤੁਹਾਨੂੰ ਮਿਲਣ ਵਾਲੀ ਪ੍ਰਤੀਰੋਧਤਾ ਸਮੇਂ ਦੇ ਨਾਲ ਘੱਟ ਜਾਂਦੀ ਹੈ। ਬੂਸਟਰ ਕੋਵਿਡ-19 ਪ੍ਰਤੀ ਤੁਹਾਡੀ ਪ੍ਰਤੀਰੋਧਤਾ ਨੂੰ ਵਧਾਉਂਦੇ ਹਨ ਅਤੇ ਬਣਾਈ ਰੱਖਦੇ ਹਨ।

**ਇਹ ਤੁਹਾਡਾ ਫ਼ੈਸਲਾ ਹੈ ਕਿ ਤੁਸੀਂ ਕੋਵਿਡ-19 ਟੀਕਾਕਰਣ ਕਰਵਾਓ ਅਤੇ ਆਪਣੇ ਬੂਸਟਰਾਂ ਨੂੰ ਪੂਰਾ ਬਣਾਈ ਰੱਖੋ।** ਮੈਂ ਤੁਹਾਨੂੰ ਇਸ ਬਾਰੇ ਧਿਆਨ ਨਾਲ ਸੋਚਣ ਲਈ ਜ਼ੋਰਦਾਰ ਤਰੀਕੇ ਨਾਲ ਉਤਸ਼ਾਹਿਤ ਕਰਦੀ ਹਾਂ। ਟੀਕਾ ਲਗਵਾਉਣਾ ਤੁਹਾਡੀ ਆਪਣੀ ਅਤੇ ਤੁਹਾਡੇ ਸਾਥੀ ਵਸਨੀਕਾਂ ਦੀ ਤੰਦਰੁਸਤੀ ਦੀ ਰੱਖਿਆ ਕਰਦਾ ਹੈ। ਤੁਹਾਡੇ ਬਜ਼ੁਰਗ ਸੰਭਾਲ ਪ੍ਰਦਾਤੇ ਨੂੰ ਲਾਜ਼ਮੀ ਤੌਰ 'ਤੇ ਟੀਕਿਆਂ ਤੱਕ ਪਹੁੰਚ ਕਰਨ ਵਿੱਚ ਤੁਹਾਡੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਨਾਲ ਟੀਕਾ ਲਗਵਾਉਣ ਬਾਰੇ ਗੱਲ ਕਰਨ ਲਈ ਬੇਝਿਜਕ ਮਹਿਸੂਸ ਕਰੋ ਅਤੇ ਉਨ੍ਹਾਂ ਦੀ ਮਦਦ ਮੰਗੋ।

ਤੁਹਾਡੇ ਸ਼ੁਭਚਿੰਤਕ,


**ਜੈਨੇਟ ਐਂਡਰਸਨ, PSM**
**ਕਮਿਸ਼ਨਰ**

J. M. Anderson

**ਡਾ: ਮੈਲੇਨੀ ਰੌਥ, MB BS, FRACP**
**ਮੁੱਖ ਕਲੀਨੀਕਲ ਸਲਾਹਕਾਰ**